# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :04-07-2026**

- ਸਨਅਤੀ ਮਾਹਿਰਾਂ ਦਾ ਕਹਿਣਾ ਏ ਕਿ ਈਥਾਨੌਲ ਮਿਸ਼੍ਰਣ ਪ੍ਰੋਗਰਾਮ ਵਿਗਿਆਨਕ, ਪੜਾਅਵਾਰ ਪਹੁੰਚ ਰਾਹੀਂ ਲਾਗੂ ਕੀਤਾ ਗਿਆ ਏ.
- ਸਰਕਾਰ ਨੇ ਕੀਮਤ ਸਥਿਰਤਾ ਲਈ ਪਿਆਜ਼ ਦੀ ਖਰੀਦ ਕੀਮਤ 13 ਫੀਸਦੀ ਵਧਾ ਕੇ 2 ਹਜ਼ਾਰ 125 ਰੁਪਏ ਫੀ ਕੁਇੰਟਲ ਕੀਤੀ.
- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁਹਾਲੀ ਦੇ ਪਿੰਡ ਸਨੇਟਾ ਵਿਖੇ ਸਥਾਪਿਤ ਦਿਹਾਤੀ ਸਿਹਤ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ।
- ਪੰਜਾਬ ਪੁਲਿਸ ਨੇ ਸਾਈਬਰ ਅਪਰਾਧ ਖ਼ਿਲਾਫ਼ ਮੁਹਿੰਮ ਕੀਤੀ ਹੋਰ ਤੇਜ਼.ਇੱਕ ਸਾਲ ਵਿੱਚ 729 ਗ੍ਰਿਫ਼ਤਾਰੀਆਂ.
- ਭਾਰਤ ਅਤੇ ਇੰਗਲੈਂਡ ਵਿਚਕਾਰ ਦੂਜਾ twenty – twenty ਕ੍ਰਿਕੇਟ ਮੈਚ ਅੱਜ ਮੈਨਚੈਸਟਰ ਵਿੱਚ ਖੇਡਿਆ ਜਾਵੇਗਾ।

---------------------------------------------------

ਸਨਅਤੀ ਮਾਹਿਰਾਂ ਨੇ ਕਿਹਾ ਏ ਕਿ ਈਥਾਨੋਲ ਮਿਸ਼੍ਰਣ ਪ੍ਰੋਗਰਾਮ ਰਾਤੋ-ਰਾਤ ਲਾਗੂ ਨਹੀਂ ਕੀਤਾ ਗਿਆ, ਸਗੋਂ ਇੱਕ ਚੰਗੀ ਤਰ੍ਹਾਂ ਯੋਜਨਾਬੱਧ, ਪੜਾਅਵਾਰ ਅਤੇ ਵਿਗਿਆਨਕ ਤੌਰ 'ਤੇ ਸੰਚਾਲਿਤ ਪ੍ਰਕਿਰਿਆ ਰਾਹੀਂ ਲਾਗੂ ਕੀਤਾ ਗਿਆ ਏ. ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਇੰਜੀਨੀਅਰਜ਼ ਇੰਡੀਆ ਲਿਮਟਿਡ ਦੇ ਸਾਬਕਾ ਚੇਅਰਮੈਨ ਅਤੇ MANAGING DIRECTOR ਵਰਤਿਕਾ ਸ਼ੁਕਲਾ ਨੇ ਕਿਹਾ ਕਿ ਈਥਾਨੋਲ ਬਲੈਂਡਿੰਗ ਪ੍ਰੋਗਰਾਮ ਨੂੰ 2018 ਵਿੱਚ ਢਾਂਚਾਗਤ ਚਰਚਾ ਅਤੇ ਹਿੱਸੇਦਾਰਾਂ ਦੇ ਸਲਾਹ-ਮਸ਼ਵਰੇ ਲਈ ਜਨਤਕ ਖੇਤਰ ਵਿੱਚ ਰੱਖਿਆ ਗਿਆ ਸੀ । ਓਹਨਾਂ ਇਹ ਵੀ ਕਿਹਾ ਕਿ ਇਸ ਪਹਿਲਕਦਮੀ ਨੂੰ ਵਿਗਿਆਨਕ ਸਬੂਤਾਂ, ਆਟੋਮੋਬਾਈਲ ਨਿਰਮਾਤਾਵਾਂ, ਐਸੋਸੀਏਸ਼ਨ ਆਫ ਆਟੋਮੋਟਿਵ ਰਿਸਰਚ ਆਫ ਇੰਡੀਆ ਅਤੇ ਸੋਸਾਇਟੀ ਆਫ ਇੰਡੀਅਨ ਆਟੋਮੋਬਾਈਲ ਮੈਨੂਫੈਕਚਰਰਜ਼ ਵਲੋਂ ਕੀਤੀਆਂ ਵਿਆਪਕ ਪਰਖਾਂ ਦੀ ਹਮਾਇਤ ਪ੍ਰਾਪਤ ਏ. ਇਸ ਮੌਕੇ ਬੋਲਦਿਆਂ, ਟੋਇਟਾ ਕਿਰਲੋਸਕਰ ਮੋਟਰਜ਼ ਦੇ ਚੇਅਰਮੈਨ ਅਤੇ ਕਾਰਜਕਾਰੀ ਉਪ-ਮੁਖੀ ਵਿਕਰਮ ਗੁਲਾਟੀ ਨੇ ਕਿਹਾ ਕਿ ਈਥਾਨੋਲ ਇੱਕ ਸਾਫ਼ –ਸੁਥਰਾ ਈਂਧਣ ਏ, ਜੋ ਚੰਗੀ ਸੰਚਾਲਨ ਕੁਸ਼ਲਤਾ ਅਤੇ ਉੱਚ ਗਤੀ ਦੀ ਪੇਸ਼ਕਸ਼ ਕਰਦਾ ਏ । ਓਹਨਾਂ ਅੱਗੇ ਕਿਹਾ ਕਿ ਇੱਕ ਅਜਿਹੇ ਯੁੱਗ

ਵਿੱਚ ਜਦੋਂ ਲੋਕ ਜਲਵਾਯੂ ਤਬਦੀਲੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਨੇ, ਇਹ ਬੂਟਿਆਂ ਤੋਂ ਪ੍ਰਾਪਤ ਇੱਕ ਜ਼ੀਰੋ-ਕਾਰਬਨ ਈਂਧਣ ਏ।

--------------------------------------------------------

ਸਰਕਾਰ ਨੇ ਕੀਮਤ ਸਥਿਰਤਾ ਬਫਰ ਲਈ ਪਿਆਜ਼ ਦੀ ਖਰੀਦ ਕੀਮਤ ਵਿੱਚ 13 ਫੀਸਦੀ ਦਾ ਵਾਧਾ ਕੀਤਾ ਏ। ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਮੁਤਾਬਿਕ, ਖਰੀਦ ਕੀਮਤ ਹੁਣ 1 ਹਜ਼ਾਰ 875 ਰੁਪਏ ਫੀਸਦੀ ਕੁਇੰਟਲ ਤੋਂ ਵਧ ਕੇ 2 ਹਜ਼ਾਰ 125 ਫੀਸਦੀ ਕੁਇੰਟਲ ਹੋ ਗਈ ਏ। ਸੋਧੀ ਹੋਈ ਖਰੀਦ ਕੀਮਤ ਅੱਜ ਤੋਂ ਲਾਗੂ ਏ। ਮੰਤਰਾਲੇ ਮੁਤਾਬਿਕ, ਇਸ ਨਾਲ ਪਿਆਜ਼ ਕਿਸਾਨਾਂ ਨੂੰ ਬਿਹਤਰ ਲਾਭ ਮਿਲੇਗਾ ਅਤੇ ਬਫਰ ਖਰੀਦ ਯਤਨਾਂ 'ਚ ਵੀ ਮਦਦ ਮਿਲੇਗੀ. ਸਰਕਾਰ ਦੇ ਕੀਮਤ ਸਥਿਰਤਾ ਬਫਰ ਲਈ ਪਿਆਜ਼ ਦੀ ਖਰੀਦ , ਭਾਰਤੀ ਰਾਸ਼ਟਰੀ ਖੇਤੀਬਾੜੀ ਸਹਿਕਾਰੀ ਮਾਰਕੀਟਿੰਗ ਸੰਘ ਲਿਮਿਟੇਡ, NAFED ਅਤੇ ਭਾਰਤੀ ਰਾਸ਼ਟਰੀ ਸਹਿਕਾਰੀ ਖਪਤਕਾਰ ਸੰਘ ਲਿਮਟਿਡ (NCCF) ਰਾਹੀਂ ਜਾਰੀ ਏ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਾਲ 2025-26 ਲਈ ਦੂਜੇ ਅਗਾਊਂ ਅਨੁਮਾਨ ਮੁਤਾਬਿਕ, ਪਿਆਜ਼ ਦਾ ਉਤਪਾਦਨ 307 ਲੱਖ ਮੀਟ੍ਰਿਕ ਟਨ ਤੋਂ ਵੱਧ ਹੋਣ ਦਾ ਅਨੁਮਾਨ ਏ। ਮੰਤਰਾਲੇ ਨੇ ਕਿਹਾ ਕਿ ਮੌਜੂਦਾ ਭੰਡਾਰ ਕਾਫ਼ੀ ਏ ਅਤੇ ਇਸ ਸਮੇਂ ਪਿਆਜ਼ ਦੀ ਕੋਈ ਥੁੜ੍ਹ ਨਹੀਂ ਏ। ਪਿਆਜ਼ ਦਾ

ਭਾਰਤ ਭਰ ਵਿਚ ਔਸਤ ਪ੍ਰਚੂਨ ਮੁੱਲ 31 ਰੁਪਏ ਪ੍ਰਤੀ ਕਿਲੋਗ੍ਰਾਮ ਏ । ਪਿਆਜ਼ ਦੀ ਬਰਾਮਦ ਆਮ ਵਾਂਗ ਏ ਤੇ, ਇਸ ਸਾਲ ਜੂਨ ਦੇ ਮਹੀਨੇ ਦੌਰਾਨ ਕਰੀਬ ਡੇਢ ਲੱਖ ਮੀਟ੍ਰਿਕ ਟਨ ਪਿਆਜ਼ ਦੀ ਬਰਾਮਦ ਹੋਈ ।

---------------------------------------------------------------

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਾ. ਭੀਮ ਰਾਓ ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਮੋਹਾਲੀ ਦੇ ਕਮਿਊਨਿਟੀ ਮੈਡੀਸਨ ਵਿਭਾਗ ਅਧੀਨ ਮੁਹਾਲੀ ਦੇ ਪਿੰਡ ਸਨੇਟਾ ਵਿਖੇ ਸਥਾਪਿਤ ਦਿਹਾਤੀ ਸਿਹਤ ਸਿਖਲਾਈ ਕੇਂਦਰ (ਆਰ.ਐਚ.ਟੀ.ਸੀ.) ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਮੈਡੀਕਲ ਇੰਟਰਨਾਂ ਲਈ ਬਣਾਏ ਜਾਣ ਵਾਲੇ ਹੋਸਟਲ ਅਤੇ ਚਾਰਦੀਵਾਰੀ ਦੀ ਉਸਾਰੀ ਦਾ ਨੀਂਹ ਪੱਥਰ ਵੀ ਰੱਖਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦਿਹਾਤੀ ਖੇਤਰਾਂ ਵਿੱਚ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਏ । ਉਨ੍ਹਾਂ ਕਿਹਾ ਕਿ ਏਮਜ਼ ਮੋਹਾਲੀ ਵੱਲੋਂ ਕਾਇਮ ਇਹ ਆਧੁਨਿਕ ਕੇਂਦਰ ਦਿਹਾਤੀ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਮੈਡੀਕਲ ਵਿਦਿਆਰਥੀਆਂ ਨੂੰ ਭਾਈਚਾਰਾ-

ਆਧਾਰਿਤ ਸਿਖਲਾਈ ਵੀ ਪ੍ਰਦਾਨ ਕਰੇਗਾ। ਇਸ ਮੌਕੇ ਡਾ. ਬਲਬੀਰ ਸਿੰਘ ਨੇ ਆਲੇ – ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਇਸ ਕੇਂਦਰ ਵਿਖੇ ਉਪਲਬਧ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਚੰਗੀ ਸਿਹਤ ਲਈ ਸਮੇਂ ਸਿਰ ਜਾਂਚ ਅਤੇ ਜਾਗਰੂਕਤਾ ਬੇਹੱਦ ਜ਼ਰੂਰੀ ਏ ।

---------------------------------------------------------

ਪੰਜਾਬ ਪੋਲਿਸ ਦੇ ਡਾਇਰੈਕਟਰ ਜਨਰਲ ਆਫ (ਡੀਜੀਪੀ) ਗੌਰਵ ਯਾਦਵ ਨੇ ਕਿਹਾ ਕਿ ਰਾਜ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਪਿਛਲੇ ਚਾਰ ਸਾਲਾਂ ਵਿੱਚ ਸਾਈਬਰ ਅਪਰਾਧ ਵਿਰੁੱਧ ਲੜਾਈ ਅਤੇ ਬੇਗੁਨਾਹ ਨਾਗਰਿਕਾਂ ਦੀ ਰਾਖੀ ਵਿੱਚ ਬਹੁਤ ਹੱਦ ਤੱਕ ਕਾਮਯਾਬੀ ਹਾਸਲ ਕੀਤੀ ਏ । ਪੰਜਾਬ ਪੁਲਿਸ ਵਲੋਂ ਸੂਬੇ ਭਰ ਵਿੱਚ ਸਾਈਬਰ ਡਿਫੈਂਸ ਨੈੱਟਵਰਕ ਨੂੰ ਮਜ਼ਬੂਤ ਕਰਕੇ ਸਾਈਬਰ ਅਪਰਾਧ ਖਿਲਾਫ਼ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੰਦਿਆਂ ਓਹਨਾਂ ਦੱਸਿਆ ਕਿ ਕਰੀਬ ਇੱਕ ਸਾਲ ਵਿੱਚ ਪੰਜਾਬ ਪੁਲਿਸ ਅਤੇ ਰਾਜ ਸਾਈਬਰ ਕ੍ਰਾਈਮ ਡਿਵੀਜ਼ਨ ਨੇ 29 ਸਾਈਬਰ ਅਪਰਾਧ ਪੁਲਿਸ ਸਟੇਸ਼ਨਾਂ ਵਿੱਚ 956 ਐਫਆਈਆਰ ਦਰਜ ਕੀਤੀਆਂ ਅਤੇ ਵੱਖ-ਵੱਖ ਸਾਈਬਰ ਧੋਖਾਧੜੀ ਮਾਮਲਿਆਂ ਵਿੱਚ 729 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਏ । ਓਹਨਾਂ ਇਹ ਜਾਣਕਾਰੀ ਵੀ ਦਿੱਤੀ ਕਿ ਸਖ਼ਤੀ ਨਾਲ ਲਾਗੂਕਰਨ ਦੇ

ਨਾਲ-ਨਾਲ ਪੰਜਾਬ ਪੁਲਿਸ ਨੇ ਰੋਕਥਾਮ ਉੱਤੇ ਵੀ ਧਿਆਨ ਕੇਂਦਰਿਤ ਕੀਤਾ ਏ ਅਤੇ ਸੂਬੇ ਭਰ ਵਿੱਚ ਕਰੀਬ 657 ਨਾਗਰਿਕ ਜਾਗਰੂਕਤਾ ਪ੍ਰੋਗਰਾਮ ਚਲਾਏ ਨੇ ਤਾਂ ਜੋ ਲੋਕਾਂ ਨੂੰ ਆਨਲਾਈਨ ਧੋਖਾਧੜੀ ਅਤੇ ਘੁਟਾਲਿਆਂ ਬਾਰੇ ਜਾਗਰੂਕ ਕੀਤਾ ਜਾ ਸਕੇ. ਨਾਗਰਿਕਾਂ ਨੂੰ ਅਜਿਹੀਆਂ ਘਟਨਾਵਾਂ ਬਾਰੇ ਤੁਰੰਤ 1930 ਉੱਤੇ ਫੋਨ ਕਰਕੇ ਸੂਚਿਤ ਕਰਨ ਲਈ ਕਿਹਾ ਗਿਆ ਏ । ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲਿਸ ਸਾਈਬਰ ਅਪਰਾਧ ਤੋਂ ਜਨਤਾ ਦੀ ਰਾਖੀ ਅਤੇ ਲੋਕ ਜਾਗਰੂਕਤਾ ਪ੍ਰਤੀ ਆਪਣੀ ਵਚਨਬੱਧਤਾ ਜਾਰੀ ਰੱਖੇਗੀ।

---------------------------------------------------------------

ਪੰਜਾਬ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਭਲਾਈ ਮੰਤਰੀ ਡਾ.ਬਲਜੀਤ ਕੌਰ ਨੇ ਅੱਜ ਆਪਣੇ ਵਿਧਾਨ ਸਭਾ ਹਲਕਾ ਮਲੋਟ ਦੇ ਪਿੰਡ ਜੰਡਾਵਾਲਾ ਅਤੇ ਪਿੰਡ ਮਲੋਟ ਵਿੱਚ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ ਤੇ ਨਿਪਟਾਰਾ ਕੀਤਾ । ਪਿੰਡ ਜੰਡਾਵਾਲਾ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣਦਿਆਂ ਉਹਨਾਂ ਦੱਸਿਆ ਕਿ ਇਸ ਪਿੰਡ ਦੇ ਵਿਕਾਸ ਲਈ ਸਰਕਾਰ ਵਲੋਂ ਤਕਰੀਬਨ 6 ਕਰੋੜ ਰੁਪਏ ਖਰਚ ਕਰਕੇ ਵਿਕਾਸ ਦੇ ਕੰਮ ਕਰਵਾਏ ਨੇ ਅਤੇ 21 ਕਿਲੋਮੀਟਰ ਲੰਮੇ ਤਿੰਨ ਰਜਵਾਹਿਆ ਅਤੇ ਖਾਲਿਆਂ ਨੂੰ ਪੱਕਾ ਕਰਵਾਇਆ ਗਿਆ ਏ

ਤਾਂ ਜ਼ੋ ਸਿੰਜਾਈ ਅਤੇ ਲੋਕਾਂ ਨੂੰ ਪੂਰਾ ਪਾਣੀ ਮਿਲ ਸਕੇ ਅਤੇ ਸਰਕਾਰ ਵਲੋਂ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਕਰਵਾਏ ਜਾ ਰਹੇ ਨੇ ਤਾਂ ਜੋ ਉਹਨਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ। ਇਸ ਮੌਕੇ ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਨਵੇਂ ਉਪਰਾਲੇ ਕਰ ਰਹੀ ਏ ।

---------------------------------------------------------------

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 'ਸ਼ੁੱਧ ਦੁੱਧ, ਤੰਦਰੁਸਤ ਪੰਜਾਬ' ਮੁਹਿੰਮ ਤਹਿਤ ਦੁੱਧ ਵਿੱਚ ਮਿਲਾਵਟਖੋਰੀ ਨਾਲ ਨਜਿੱਠਣ ਅਤੇ ਦੁੱਧ ਦੀ ਗੁਣਵੱਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਸਮਰਪਿਤ ਟੋਲ-ਫਰੀ ਹੈਲਪਲਾਈਨ 1800-180-22-02 ਸਥਾਪਿਤ ਕੀਤੀ ਏ ਅਤੇ ਇੱਕ ਨੋਡਲ ਅਫਸਰ ਤਾਇਨਾਤ ਕੀਤਾ ਏ । ਇਸ ਮੁਹਿੰਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਨੇ ਪਹਿਲੀ ਅਪ੍ਰੈਲ 2026 ਤੋਂ ਹੁਣ ਤੱਕ 160 ਕੈਂਪਾਂ ਵਿੱਚ ਦੁੱਧ ਦੇ 6 ਹਜ਼ਾਰ ਨਮੂਨਿਆਂ ਦੀ ਜਾਂਚ ਕੀਤੀ ਏ । ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਘਰੋ-ਘਰੀਂ ਜਾ ਕੇ ਟੈਸਟਿੰਗ ਕਰਨ ਲਈ, 4 ਮੋਬਾਈਲ

ਲੈਬਾਰਟਰੀ ਵੈਨਾਂ ਪਹਿਲਾਂ ਹੀ ਕਾਰਜਸ਼ੀਲ ਹਨ ਅਤੇ 5 ਹੋਰ ਅਜਿਹੀਆਂ ਵੈਨਾਂ ਵਿਭਾਗ ਵਿੱਚ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਜ਼ਿਲ੍ਹਾ ਡਿਪਟੀ ਡਾਇਰੈਕਟਰ ਦਫ਼ਤਰਾਂ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਰੁਟੀਨ ਟੈਸਟਿੰਗ ਵੀ ਕੀਤੀ ਜਾਂਦੀ ਹੈ।

---------------------------------------------------------------

ਆਉਣ ਵਾਲੇ ਰੱਖੜੀ ਦੇ ਤਿਉਹਾਰ ਦੌਰਾਨ, ਲੋਕਾਂ ਦੀ ਸਹੂਲਤ ਲਈ, 15 ਜੁਲਾਈ ਤੋਂ 28 ਅਗਸਤ 2026 ਦਰਮਿਆਨ ਆਉਣ ਵਾਲੇ ਸਾਰੇ ਐਤਵਾਰ ਅਤੇ ਸਰਕਾਰ ਵੱਲੋਂ ਛੁੱਟੀਆਂ ਦੌਰਾਨ ਚੋਣਵੇਂ ਡਾਕਘਰਾਂ ਦੇ ਬੁਕਿੰਗ ਕਾਊਂਟਰ ਖੁੱਲ੍ਹੇ ਰੱਖਣ ਦਾ ਫੈਸਲਾ ਕੀਤਾ ਗਿਆ ਏ । ਜਲੰਧਰ ਦੇ ਡਿਵੀਜ਼ਨ ਡਾਕਘਰ ਸੁਪਰਡੈਂਟ, ਸ੍ਰੀ ਸਤਿੰਦਰ ਸਿੰਘ ਲਹਿਰੀ ਨੇ ਦੱਸਿਆ ਏ ਕਿ ਇਹ ਡਾਕਘਰ ਐਤਵਾਰ ਅਤੇ ਛੁੱਟੀਆਂ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ ਸਾਢੇ 4 ਵਜੇ ਤੱਕ ਖੁੱਲ੍ਹੇ ਰਹਿਣਗੇ. ਸ੍ਰੀ ਸਤਿੰਦਰ ਸਿੰਘ ਲਹਿਰੀ ਨੇ ਕਿਹਾ ਕਿ ਤਿਉਹਾਰਾਂ ਦੌਰਾਨ, ਨਾਗਰਿਕਾਂ ਨੂੰ ਆਪਣੀ ਸਪੀਡ ਪੋਸਟ, ਪਾਰਸਲ ਅਤੇ ਰੱਖੜੀ ਮੇਲ ਬੁੱਕ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ ਇਸ ਲਈ ਇਹ ਵਿਸ਼ੇਸ਼ ਪ੍ਰਬੰਧ ਕੀਤੇ ਗਏ ਨੇ. ਸੁਪਰਡੈਂਟ ਨੇ ਭਰੋਸਾ ਦਿੱਤਾ ਕਿ ਰੱਖੜੀ ਦੇ ਸੀਜ਼ਨ ਦੌਰਾਨ, ਜਨਤਾ ਨੂੰ ਜਲਦੀ ਅਤੇ

ਬਿਨਾਂ ਕਿਸੇ ਪਰੇਸ਼ਾਨੀ ਦੇ ਸੇਵਾ ਪ੍ਰਦਾਨ ਕੀਤੀ ਜਾਵੇਗੀ। ਸੇਵਾਵਾਂ ਪ੍ਰਦਾਨ ਕਰਨ ਲਈ ਸਾਰੇ ਚੁਣੇ ਹੋਏ ਡਾਕਘਰਾਂ ਵਿੱਚ ਲੋੜੀਂਦੇ ਸਟਾਫ ਦਾ ਪ੍ਰਬੰਧ ਕੀਤਾ ਗਿਆ ਏ ।

-------------------------------------------------------

ਭਾਰਤ ਅਤੇ ਇੰਗਲੈਂਡ ਦਰਮਿਆਨ ਦੂਜਾ twenty – twenty ਕ੍ਰਿਕੇਟ ਮੈਚ ਅੱਜ ਮੈਨਚੈਸਟਰ ਵਿੱਚ ਖੇਡਿਆ ਜਾਵੇਗਾ. ਇਹ ਮੈਚ ਸ਼ਾਮ 7 ਵਜੇ ਸ਼ੁਰੂ ਹੋਵੇਗਾ। ਪੰਜ ਮੈਚਾਂ ਦੀ ਲੜੀ ਦਾ ਪਹਿਲਾ ਮੈਚ ਮੀਂਹ ਕਾਰਨ ਰੱਦ ਕਰ ਦਿੱਤਾ ਗਿਆ ਸੀ।

-------------------------------------------------------

- ਸਨਅਤੀ ਮਾਹਿਰਾਂ ਦਾ ਕਹਿਣਾ ਏ ਕਿ ਈਥਾਨੌਲ ਮਿਸ਼੍ਰਣ ਪ੍ਰੋਗਰਾਮ ਵਿਗਿਆਨਕ, ਪੜਾਅਵਾਰ ਪਹੁੰਚ ਰਾਹੀਂ ਲਾਗੂ ਕੀਤਾ ਗਿਆ ਏ.
- ਸਰਕਾਰ ਨੇ ਕੀਮਤ ਸਥਿਰਤਾ ਲਈ ਪਿਆਜ਼ ਦੀ ਖਰੀਦ ਕੀਮਤ 13 ਫੀਸਦੀ ਵਧਾ ਕੇ 2 ਹਜ਼ਾਰ 125 ਰੁਪਏ ਫੀ ਕੁਇੰਟਲ ਕੀਤੀ.
- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁਹਾਲੀ ਦੇ ਪਿੰਡ ਸਨੇਟਾ ਵਿਖੇ ਸਥਾਪਿਤ ਦਿਹਾਤੀ ਸਿਹਤ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ।

- ਪੰਜਾਬ ਪੁਲਿਸ ਨੇ ਸਾਈਬਰ ਅਪਰਾਧ ਖ਼ਿਲਾਫ਼ ਮੁਹਿੰਮ ਕੀਤੀ ਹੋਰ ਤੇਜ਼.ਇੱਕ ਸਾਲ ਵਿੱਚ 729 ਗ੍ਰਿਫ਼ਤਾਰੀਆਂ.
- ਭਾਰਤ ਅਤੇ ਇੰਗਲੈਂਡ ਵਿਚਕਾਰ ਦੂਜਾ twenty – twenty ਕ੍ਰਿਕੇਟ ਮੈਚ ਅੱਜ ਮੈਨਚੈਸਟਰ ਵਿੱਚ ਖੇਡਿਆ ਜਾਵੇਗਾ।

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ**

**ਸਾਡਾ ਅਗਲਾ ਰਾਸ਼ਟਰੀ ਬੁਲੇਟਿਨ**

**ਸ਼ਾਮ ਸਾਢੇ 7 ਵਜੇ ਹੋਏਗਾ**

**ਨਮਸ੍ਕਾਰ**